ਨੰ. ...

ਦਫਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ: ਸਿ) ਸੰਗਰੂਰ

ਵੱਲ

ਸਮੂਹ ਪ੍ਰਾਈਵੇਟ ਸਕੂਲਾਂ ਦੇ ਮੁਖੀ ਸਹਿਬਾਨ,
ਸੰਗਰੂਰ

ਵਿਸ਼ਾ :- ਸਕੂਲਾਂ ਵਿੱਚ Buddy Group System ਲਾਗੂ ਕਰਨ ਸਬੰਧੀ ਹਦਾਇਤਾ।

ਉਪਰੋਕਤ ਵਿਸ਼ੇ ਸਬੰਧੀ ਜ਼ਿਲ੍ਹੇ ਦੇ ਸਮੂਹ ਪ੍ਰਾਈਵੇਟ ਅਤੇ ਏਡਿਡ ਸਕੂਲਾਂ ਨੂੰ ਸੂਚਿਤ ਕੀਤਾ ਜਾਂਦਾ ਹੈ। ਕਿ ਸਾਰੇ ਸਕੂਲ ਮੁਖੀ ਆਪੋ-ਆਪਣੇ ਸਕੂਲਾਂ ਦੇ ਹਰੇਕ ਸੈਕਸ਼ਨ ਦੇ ਸਮੂਹ ਵਿਦਿਆਰਥੀਆਂ ਨੂੰ Buddy ਕਿਹਾ ਜਾਵੇਗਾ। ਅਤੇ ਸਾਰੀਆਂ ਕਲਾਸਾਂ ਵਿੱਚ 5-5 ਵਿਦਿਆਰਥੀਆਂ ਦੇ ਗਰੁੱਪ ਬਣਾਏ ਜਾਣਗੇ। ਜਿਸ ਕਲਾਸ ਵਿੱਚ 3 ਵਿਦਿਆਰਥੀ ਬਚਦੇ ਹਨ ਤਾਂ ਇੱਕ ਗਰੁੱਪ ਹੋਰ ਬਣ ਜਾਵੇਗਾ।

ਜੇਕਰ ਕਿਸੇ ਇੱਕ ਕਲਾਸ ਵਿੱਚ 37 ਬੱਚੇ ਹਨ ਤਾਂ $\frac{37}{5}$ 7 (2) ਤਾਂ 7 ਗਰੁੱਪ ਪੂਰੇ ਬਣ ਜਾਣਗੇ ਪਰੰਤੂ ਜੇ 2 ਵਿਦਿਆਰਥੀ ਬਚ ਗਏ ਤਾਂ ਹੋਰ ਗਰੁੱਪ ਨਹੀਂ ਬਣੇਗਾ।

ਜੇਕਰ 38 ਵਿਦਿ: ਹਨ ਤਾਂ $\frac{38}{5}$ 7 (3) ਸੱਤ ਪੂਰੇ ਦਾ ਬਾਂ ਤੇ 8 ਗਰੁੱਪ ਬਣਨਗੇ। ਜਿਨ੍ਹਾਂ ਨੂੰ Buddy Group ਕਿਹਾ ਜਾਂਦਾ ਹੈ।

ਜੋ ਅਧਿਆਪਕ ਕਲਾਸਾਂ ਦੇ ਇੰਚਾਰਜ ਹਨ। ਉਨ੍ਹਾਂ ਨੂੰ Senior Buddy ਕਿਹਾ ਜਾਂਦਾ ਹੈ।

ਹੁਣ ਨਵੰਬਰ ਮਹੀਨੇ ਵਿੱਚ ਸਾਰੇ ਸਰਕਾਰੀ, ਪ੍ਰਾਈਵੇਟ ਅਤੇ ਏਡਿਡ ਸਕੂਲਾਂ ਦੇ ਸਾਰੇ Senior Buddies ਦੇ ਟ੍ਰੇਨਿੰਗ ਲਗਾਈ ਗਈ ਹੈ।

ਹਰ ਇੱਕ Sub-Devision ਦੇ ਵਿੱਚ ਦੋ ਦਿਨ ਦੀ ਟ੍ਰੇਨਿੰਗ ਲਗਾਈ ਗਈ ਹੈ। ਸਾਰੇ ਸਕੂਲਾਂ ਦੇ Senior Buddies ਅੱਧੇ ਇੱਕ ਦਿਨ ਜਾਣਗੇ ਅਤੇ ਅੱਧੇ ਦੂਸਰੇ ਦਿਨ ਜਾਣਗੇ। ਸਮਾਂ 10 ਤੋਂ 12 ਵਜੇ ਤੱਕ ਹੋਵੇਗਾ। 12 ਵਜੇ ਤੋਂ ਬਾਅਦ ਸਾਰੇ ਅਧਿਆਪਕ ਆਪਣੇ ਸਕੂਲਾਂ ਵਿੱਚ ਜਾਣਗੇ।

Sd/- 3/X/18
ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ: ਸਿ)
ਸੰਗਰੂਰ।

# ਦਫ਼ਤਰ ਡਾਇਰੈਕਟਰ ਐਸ.ਸੀ.ਈ.ਆਰ.ਟੀ. ਪੰਜਾਬ

ਛੇਵੀਂ ਮੰਜ਼ਿਲ, ਈ. ਬਲਾਕ, ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ਼-8, ਮੋਹਾਲੀ

ਵੱਲ

ਸਮੂਹ ਜ਼ਿਲਾ ਸਿੱਖਿਆ ਅਫਸਰ (ਸੈ.ਸਿ/ਐ.ਸਿ.)
ਸਮੂਹ ਸਕੂਲ ਮੁੱਖੀ (ਵੈਬਸਾਈਟ ਰਾਹੀਂ)

ਮੀਮੋ ਨੰ: Training/2018/49152 ਮਿਤੀ: 12.10.2018

**ਵਿਸ਼ਾ:- ਸਕੂਲਾਂ ਵਿੱਚ Buddy Group ਸਿਸਟਮ ਲਾਗੂ ਕਰਨ ਸਬੰਧੀ ਹਦਾਇਤਾਂ।**

1.0 ਉਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਮਿਆਰੀ ਅਤੇ ਗੁਣਵੱਤਾ ਸਿੱਖਿਆ ਪ੍ਰਦਾਨ ਕਰਨ ਲਈ ਵਿਭਾਗ ਵੱਲੋਂ ਕਈ ਤਰ੍ਹਾਂ ਦੇ ਉਪਰਾਲੇ ਕੀਤੇ ਜਾ ਜਾ ਰਹੇ ਹਨ। ਇਨ੍ਹਾਂ ਉਪਰਾਲਿਆਂ ਤਹਿਤ ਵਿਦਿਆਰਥੀਆਂ ਦੀ ਸਿੱਖਣ-ਸਿਖਾਉਣ ਦੀ ਕਲਾ ਵਿੱਚ ਵਾਧਾ ਕਰਨ, ਸਕੂਲਾਂ ਵਿੱਚ ਵਿਦਿਅਕ ਅਤੇ ਗੈਰ-ਵਿਦਿਅਕ ਗਤੀਵਿਧੀਆਂ ਨੂੰ ਸੁਚਾਰੂ ਢੰਗ ਨਾਲ ਕਰਵਾਉਣ ਹਿੱਤ ਅਤੇ ਹਰੇਕ ਵਿਦਿਆਰਥੀ ਦੀ ਸ਼ਮੂਲੀਅਤ ਨੂੰ ਯਕੀਨੀ ਬਣਾਉਣ ਲਈ ਸਕੂਲ ਸਿੱਖਿਆ ਵਿਭਾਗ, ਵੱਲੋਂ ਰਾਜ ਦੇ ਸਮੂਹ ਸਰਕਾਰੀ ਸਕੂਲਾਂ ਵਿੱਚ Buddy Group ਸਿਸਟਮ ਲਾਗੂ ਕਰਨ ਦਾ ਫ਼ੈਸਲਾ ਲਿਆ ਗਿਆ ਹੈ ਜਿਸ ਦਾ ਮੁੱਖ ਮੰਤਵ:

- 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਪ੍ਰੋਜੈਕਟ ਨਾਲ ਸਬੰਧਤ ਗਤੀਵਿਧੀਆਂ ਨੂੰ ਸੁਚਾਰੂ ਰੂਪ ਵਿੱਚ ਲਾਗੂ ਕਰਨਾ ਅਤੇ ਨਿਰਧਾਰਿਤ ਟੀਚਿਆਂ ਨੂੰ ਪੂਰਤੀ ਲਈ ਪੁਰਜ਼ੋਰ ਉਪਰਾਲੇ ਕਰਨ ਦੇ ਨਾਲ-ਨਾਲ ਵਿਦਿਆਰਥੀਆਂ ਅੰਦਰ Peer Learning, ਮਿਲਵਰਤਨ ਅਤੇ Team Work ਦੀ ਭਾਵਨਾ ਪੈਦਾ ਕਰਨਾ ਅਤੇ ਵਿਦਿਆਰਥੀਆਂ ਨੂੰ ਅੰਗਰੇਜ਼ੀ ਬੋਲਣ ਲਈ ਪ੍ਰੋਤਸਾਹਿਤ ਕਰਨਾ।
- ਇਸ ਤੋਂ ਇਲਾਵਾ ਬੋਰਡ ਦੀਆਂ ਸਲਾਨਾ ਪ੍ਰੀਖਿਆਵਾਂ ਦੀ ਤਿਆਰੀ, ਚੰਗੇ ਅੰਕ ਪ੍ਰਾਪਤ ਕਰਨ ਅਤੇ ਵਿਦਿਆਰਥੀਆਂ ਨੂੰ ਮੈਰਿਟ ਵਿੱਚ ਲਿਆਉਣ ਲਈ ਪ੍ਰੋਤਸਾਹਿਤ ਕਰਨਾ।
- NMMS, NTSE, PSTSE, NAS ਆਦਿ ਪ੍ਰਤੀਯੋਗੀ ਪ੍ਰੀਖਿਆਵਾਂ ਦੀ ਤਿਆਰੀ।
- ਵਿਦਿਆਰਥੀਆਂ ਦੇ ਮਾਨਸਿਕ ਅਤੇ ਸਰੀਰਕ ਵਿਕਾਸ ਲਈ ਖੇਡਾਂ ਪ੍ਰਤੀ ਰੂਚੀ ਪੈਦਾ ਕਰਨਾ।
- ਵਿਦਿਆਰਥੀਆਂ ਵਿਚ ਵੱਖ ਵੱਖ ਗਤੀਵਿਧੀਆਂ ਲਈ ਮੁਕਾਬਲੇ ਦੀ ਭਾਵਨਾ ਪੈਦਾ ਕਰਨਾ ਅਤੇ ਉਹਨਾਂ ਵਿੱਚ ਆਤਮ ਵਿਸ਼ਵਾਸ਼ ਪੈਦਾ ਕਰਨਾ।

- ਵਿਦਿਆਰਥੀਆਂ ਨੂੰ ਆਪਣੀ ਜਮਾਤ, ਸਕੂਲ ਅਤੇ ਆਲੇ-ਦੁਆਲੇ ਦੀ ਸਫਾਈ ਪ੍ਰਤੀ ਜਾਗਰੂਕ ਕਰਨਾ।
- ਵਿਦਿਆਰਥੀਆਂ ਵਿੱਚ ਲੀਡਰਸ਼ਿਪ, ਸਵੈ-ਅਨੁਸ਼ਾਸ਼ਨ ਅਤੇ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਨਾ।
- ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨਾ ਅਤੇ ਸਕੂਲ ਮੁਖੀਆਂ ਵੱਲੋਂ ਇਸ ਗੱਲ ਨੂੰ ਯਕੀਨੀ ਬਣਾਉਣਾ ਕਿ ਸਵੇਰ ਦੀ ਸਭਾ ਵਿੱਚ ਹਫਤੇ ਵਿੱਚ ਘੱਟੋ-ਘੱਟ ਇੱਕ ਦਿਨ ਸਕੂਲਾਂ ਵਿੱਚ ਬਣਾਏ Buddy Groups ਨੂੰ ਸੀਨੀਅਰ Buddy ਵੱਲੋਂ How To Say No To Drugs ਬਾਰੇ ਜਾਗਰੂਕ ਕਰਨਾ।
- ਸਮੇਂ ਸਮੇਂ ਤੇ Buddy Groups ਦੇ ਆਪਸ ਵਿੱਚ debate, skit, painting ਆਦਿ ਮੁਕਾਬਲੇ ਕਰਵਾਉਣੇ ਯਕੀਨੀ ਬਣਾਉਣਾ ਜਾਣਾ।

3.0 ਸਕੂਲਾਂ ਵਿੱਚ Buddy Group ਦੀ ਬਣਤਰ ਹੇਠ ਲਿਖੇ ਅਨੁਸਾਰ ਹੋਵੇਗੀ:

- ਮੰਨ ਲਵੋ ਕਲਾਸ ਵਿੱਚ 25 ਵਿਦਿਆਰਥੀ ਹਨ। ਇਹਨਾਂ ਵਿਦਿਆਰਥੀਆਂ ਨੂੰ ਵਿੱਦਿਅਕ ਕਾਰਗੁਜ਼ਾਰੀ (Learning Levels) ਦੇ ਕ੍ਰਮ ਅਨੁਸਾਰ 5 ਗਰੁੱਪਾਂ ਵਿੱਚ ਵੰਡਿਆ ਜਾਵੇ ਅਤੇ ਇਨ੍ਹਾਂ ਗਰੁੱਪਾਂ ਦਾ ਨਾਂ A,B,C,D,E ਰੱਖਿਆ ਜਾਵੇ।
- ਹਰੇਕ A,B,C,D,E ਗਰੁੱਪ ਦਾ ਵਿਦਿਆਰਥੀ ਆਪਣੀ ਮਰਜੀ ਨਾਲ ਇਸ ਤਰ੍ਹਾਂ regroup ਹੋਣਗੇ ਕਿ ਹਰੇਕ ਗਰੁੱਪ ਵਿੱਚ A,B,C,D,E ਗਰੁੱਪਾਂ ਦਾ ਇੱਕ-ਇੱਕ ਵਿਦਿਆਰਥੀ ਸ਼ਾਮਿਲ ਹੋ ਜਾਵੇ।
- ਵਿਦਿਆਰਥੀਆਂ ਨੂੰ regroup ਕਰਨ ਵੇਲੇ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਕਿਸ A,B,C,D,ਜਾਂ E ਗਰੁੱਪ ਵਿੱਚੋਂ ਦੋ ਵਿਦਿਆਰਥੀ regroup ਨਾ ਲਏ ਜਾਣ।

4.0 ਵਿਦਿਆਰਥੀਆਂ ਵਿੱਚ ਗੁਣਾਤਮਕ ਸੁਧਾਰ ਲਈ ਇਸ Buddy Group ਸਿਸਟਮ ਨੂੰ ਜਲਦ ਤੋਂ ਜਲਦ ਸਕੂਲਾਂ ਵਿੱਚ ਲਾਗੂ ਕਰਨਾ ਯਕੀਨੀ ਬਣਾਇਆ ਜਾਵੇ।

**ਡਾਇਰੈਕਟਰ**
**ਐਸ.ਸੀ.ਈ.ਆਰ.ਟੀ., ਪੰਜਾਬ।**

ਪਿੱਠ ਅੰਕਣ ਨੰ: ਉ੨੩

**ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:**

1. ਪੀ.ਏ. ਟੂ ਸਕੱਤਰ ਸਕੂਲ ਸਿੱਖਿਆ, ਪੰਜਾਬ।
2. ਪੀ.ਏ ਟੂ ਡੀ.ਜੀ.ਐਸ.ਈ, ਪੰਜਾਬ।
3. ਡੀ.ਪੀ.ਆਈ (ਸੈ.ਸਿੱ ਅਤੇ ਐ.ਸਿੱ)
4. ਸਮੂਹ ਬੀ.ਪੀ.ਈ.ਓਜ਼

**ਡਾਇਰੈਕਟਰ**
**...ਈ.ਆਰ.ਟੀ., ਪੰਜਾਬ।**

'/.

# ਦਫਤਰ ਜ਼ਿਲਾ ਸਿੱਖਿਆ ਅਫਸਰ (ਸੈ.ਸਿ) ਸੰਗਰੂਰ

ਵੱਲ-

ਸਬੰਧਤ ਸਕੂਲ ਮੁਖੀ,
(ਨੱਥੀ ਲਿਸਟ ਅਨੁਸਾਰ)
ਜ਼ਿਲਾ ਸੰਗਰੂਰ ।

ਪੱਤਰ ਨੰ. ਜ-1 ( )/2018-2019/463
ਮਿਤੀ ਸੰਗਰੂਰ 17.10.2018

ਵਿਸ਼ਾ- ਡੈਪੋ ਟ੍ਰੇਨਿੰਗ ਪ੍ਰੋਗਰਾਮ ਤਹਿਤ , MTO's ਵੱਲੋਂ Senior Buddies ਨੂੰ ਦਿੱਤੀ ਜਾਣ ਵਾਲੀ ਟ੍ਰੇਨਿੰਗ ਦਾ ਕੈਲੰਡਰ ਭੇਜਣ ਸਬੰਧੀ ।

ਹਵਾਲਾ- ਮਾਨਯੋਗ ਡਿਪਟੀ ਕਮਿਸ਼ਨਰ ਸੰਗਰੂਰ ਜੀ ਦੇ ਦਫਤਰ ਦੇ ਪੱਤਰ ਨੰ. 414-25 / DAPO/CEA -4 ਮਿਤੀ 11.10.2018 ਸਬੰਧੀ ।

ਵਿਸ਼ਾ ਅੰਕਿਤ ਹਵਾਲਾ ਅਧੀਨ ਪੱਤਰ ਰਾਹੀਂ ਜਾਰੀ ਹੋਏ ਹੁਕਮਾਂ ਸਬੰਧੀ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਸੰਗਰੂਰ ਜਿਲ੍ਹੇ ਦੇ ਸਮੂਹ ਸਰਕਾਰੀ, ਪ੍ਰਾਇਵੇਟ ਅਤੇ ਏਡਿਡ ਸਕੂਲਾ ਦੇ ਸਮੂਹ SENIOR BUDDIES ਅਤੇ NODAL OFFICERS ਨੂੰ ਸੂਚਿਤ ਕਰ ਦਿੱਤਾ ਕਿਆ ਹੈ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਜ਼ਿਲਾ ਸੰਗਰੂਰ ਦੇ ਸਾਰੇ ਸਬ ਡਵੀਜ਼ਨਾਂ ਵਿੱਚ ਮਾਸਟਰ ਟ੍ਰੇਨਰਜ਼ ਓਫੀਸ਼ਿਅਲਜ਼ (MTO) ਵੱਲੋਂ ਡੈਪੋ ਸਬੰਧੀ ਟ੍ਰੇਨਿੰਗ ਦਿੱਤੀ ਜਾਵੇਗੀ । ਇਸ ਮੰਤਵ ਲਈ ਆਪ ਜੀ ਦੇ ਸਕੂਲ ਵਿਖੇ ਕੰਮ ਕਰ ਰਹੇ ਹੇਠ ਲਿਖੇ ਅਧਿਆਪਕਾਂ ਦੀ ਡਿਊਟੀ ਡੈਪੋ ਟ੍ਰੇਨਿੰਗ ਸਬੰਧੀ ਸਬ ਡਵੀਜ਼ਨ ਵਾਈਜ਼ ਮਿਤੀ 1.11.2018 ਤੋਂ 30.11.2018 ਤੱਕ ਨੱਥੀ ਸ਼ਡਿਊਲ ਅਨੁਸਾਰ ਬਤੌਰ MTO's DAPO ਲਗਾਈ ਜਾਂਦੀ ਹੈ । MTO's ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਉਨ੍ਹਾਂ ਨੂੰ ਦਿੱਤੇ ਸ਼ਡਿਊਲ ਉਨ੍ਹਾਂ ਨਾਲ ਸਬੰਧਤ Cluster Coordinator , NRNC ਦੇ ਮੈਂਬਰ ਅਤੇ DAPO's ਦੀ (ਸਮੇਤ ਫੋਟੋ ਗ੍ਰਾਫਸ ) ਇਸ ਦਫਤਰ ਨੂੰ ਭੇਜਣਗੇ । ਟ੍ਰੇਨਿੰਗ ਸ਼ਡਿਊਲ ਹੇਠ ਲਿਖੇ ਅਨੁਸਾਰ ਹੈ-

| ਲੜੀ ਨੰ. | ਬਲਾਕ ਦਾ ਨਾਂ | ਟ੍ਰੇਨਿੰਗ ਦਾ ਸਮਾਂ | ਟ੍ਰੇਨਿੰਗ ਦੀ ਮਿਤੀ | ਟ੍ਰੇਨਿੰਗ ਦੇਣ ਵਾਲੇ MTO's ਦਾ ਨਾਮ | ਟ੍ਰੇਨਿੰਗ ਦਾ ਸਥਾਨ |
|---|---|---|---|---|---|
| 1 | ਸੰਗਰੂਰ | ਸਵੇਰੇ 10.00 ਤੋਂ 12 ਵਜੇ ਤੱਕ | 2.11.2018 ਅਤੇ 3.11.2018 | ਸ਼੍ਰੀ ਹਰਦੇਵ ਸਿੰਘ (ਸਹਸ ਬਲਿਆਲ)<br>ਸ਼੍ਰੀ ਜਗਜੀਵਨ ਸਿੰਘ (ਐਸ.ਡੀ.ਪਬਲਿਕ ਸਕੂਲ , ਸੰਗਰੂਰ) | ਸਸਸਸ ਸੰਗਰੂਰ (ਕੰਨਿਆ) |

| | | | | | |
|---|---|---|---|---|---|
| 2 | ਸੁਨਾਮ | ਸਵੇਰੇ 10.00 ਤੋਂ 12 ਵਜੇ ਤੱਕ | 5.11.2018 ਅਤੇ 6.11.2018 | ਸ਼੍ਰੀ ਸੁਖਜੀਤ ਸਿੰਘ(ਸਸਸਸ ਭਲਵਾਨ) ਸ਼੍ਰੀ ਅਮਨਦੀਪ ~~ਕੁਮਾਰ~~ ਸਿੰਘ(ਵਸੰਤ ਵੈਲੀ ਸਸਸ ਲੱਡਾ) | ਸਸਸਸ ਸੁਨਾਮ (ਮੁੰ) ਹਾਲ ਕਮਰਾ |
| 3 | ਭਵਾਨੀਗੜ੍ਹ | ਸਵੇਰੇ 10.00 ਤੋਂ 12 ਵਜੇ ਤੱਕ | 12.11.2018 ਅਤੇ 13.11.2018 | ਸ਼੍ਰੀ ਮਾਲਵਿੰਦਰ ਸਿੰਘ(ਸਸਸਸ ਮਾਝੀ) ਸ਼੍ਰੀ ਪ੍ਰਿਥੀਪਾਲ ਸਿੰਘ (ਰਿਸ਼ੀ ਪਬਲਿਕ ਸਕੂਲ ਸੰਗਰੂਰ) | ਸਸਸਸ ਭਵਾਨੀਗੜ੍ਹ (ਕੰ) |
| 4 | ਲਹਿਰਾਗਾਗਾ ਅਤੇ ਮੂਨਕ | ਸਵੇਰੇ 10.00 ਤੋਂ 12 ਵਜੇ ਤੱਕ | 14.11.2018 ਅਤੇ 15.11.2018 | ਸ਼੍ਰੀ ਪੁਸ਼ਪਿੰਦਰ ਸਿੰਘ (ਸਸਸਸ ਘਾਬਦਾਂ) ਸ਼੍ਰੀ ਕਰਨ ਕੁਮਾਰ (ਗੋਲਡਨ ਅਰਥ ਗਲੋਬਲ ਸਕੂਲ ਸੰਗਰੂਰ ) | ਸਸਸਸ ਲਹਿਰਾਗਾਗਾ (ਮੁ) |
| 5 | ਦਿੜ੍ਹਬਾ | ਸਵੇਰੇ 10.00 ਤੋਂ 12 ਵਜੇ ਤੱਕ | 19.11.2018 ਅਤੇ 20.11.2018 | ਸ਼੍ਰੀ ਹਰਦੇਵ ਸਿੰਘ (ਸਹਸ ਬਲਿਆਲ) ਸ਼੍ਰੀ ਜਗਜੀਵਨ ਸਿੰਘ(ਐਸ.ਡੀ.ਪਬਲਿਕ ਸਕੂਲ , ਸੰਗਰੂਰ) | ਸਸਸਸ ਦਿੜ੍ਹਬਾ |
| 6 | ਧੂਰੀ | ਸਵੇਰੇ 10.00 ਤੋਂ 12 ਵਜੇ ਤੱਕ | 21.11.2018 ਅਤੇ 22.11.2018 | ਸ਼੍ਰੀ ਸੁਖਜੀਤ ਸਿੰਘ(ਸਸਸਸ ਭਲਵਾਨ) ਸ਼੍ਰੀ ਅਮਨਦੀਪ ~~ਕੁਮਾਰ~~ ਸਿੰਘ(ਵਸੰਤ ਵੈਲੀ ਸਸਸ ਲੱਡਾ) | ਸਸਸਸ ਧੂਰੀ (ਕੰ) |
| 7 | ਮਲੇਰਕੋਟਲਾ | ਸਵੇਰੇ 10.00 ਤੋਂ 12 ਵਜੇ ਤੱਕ | 26.11.2018 ਅਤੇ 27.11.2018 | ਸ਼੍ਰੀ ਮਾਲਵਿੰਦਰ ਸਿੰਘ(ਸਸਸਸ ਮਾਝੀ) ਸ਼੍ਰੀ ਪ੍ਰਿਥੀਪਾਲ ਸਿੰਘ (ਰਿਸ਼ੀ ਪਬਲਿਕ ਸਕੂਲ ਸੰਗਰੂਰ) | ਸਸਸਸ ਮਲੇਰਕੋਟਲਾ (ਮੁ) |
| 8 | ਅਹਿਮਦਗੜ੍ਹ | ਸਵੇਰੇ 10.00 ਤੋਂ 12 ਵਜੇ ਤੱਕ | 29.11.2018 ਅਤੇ 30.11.2018 | ਸ਼੍ਰੀ ਪੁਸ਼ਪਿੰਦਰ ਸਿੰਘ (ਸਸਸਸ ਘਾਬਦਾਂ) ਸ਼੍ਰੀ ਕਰਨ ਕੁਮਾਰ (ਗੋਲਡਨ ਅਰਥ ਗਲੋਬਲ ਸਕੂਲ ਸੰਗਰੂਰ ) | ਐਮ.ਜੀ.ਐਮ.ਐਨ ਹਾਇਰ ਸੈਕੰਡਰੀ ਸਕੂਲ , ਅਹਿਮਦਗੜ੍ਹ |

23/10/18

ਜ਼ਿਲਾ ਸਿੱਖਿਆ ਅਫਸਰ (ਸੈ.ਸਿ)

ਸੰਗਰੂਰ 23/10/18